# ਐਮਰਜੈਂਸੀ ਮੋਬਾਇਲ ਅਲਰਟ

GET READY .govt.nz

## ਜੇ ਤੁਹਾਡੀ ਜ਼ਿੰਦਗੀ, ਸਿਹਤ ਜਾਂ ਸੰਪਤੀ ਗੰਭੀਰ ਖ਼ਤਰੇ 'ਚ ਹੈ, ਤਾਂ ਇੱਕ 'ਐਮਰਜੈਂਸੀ ਮੋਬਾਇਲ ਅਲਰਟ' ਤੁਹਾਡੇ ਮੋਬਾਇਲ ਫ਼ੋਨ 'ਤੇ ਭੇਜਿਆ ਜਾ ਸਕਦਾ ਹੈ।

'ਐਮਰਜੈਂਸੀ ਮੋਬਾਇਲ ਅਲਰਟ' ਇੱਕ ਸੰਦੇਸ਼ ਹੁੰਦਾ ਹੈ ਜੋ ਇੱਕ ਅਧਿਕਾਰਤ ਏਜੰਸੀ ਵੱਲੋਂ ਤੁਹਾਡੇ ਮੋਬਾਇਲ ਫ਼ੋਨ 'ਤੇ ਭੇਜਿਆ ਜਾਂਦਾ ਹੈ। ਇਹ ਤੁਹਾਨੂੰ ਚੌਕਸ ਕਰਨ ਲਈ ਉਚੀ ਆਵਾਜ ਕਰੇਗਾ।

## ਮੈਨੂੰ ਕੀ ਕਰਨਾ ਚਾਹੀਦਾ ਹੈ ਜੇ ਮੈਨੂੰ ਕੋਈ ਐਮਰਜੈਂਸੀ ਮੋਬਾਇਲ ਅਲਰਟ ਮਿਲੇ?

ਤੁਸੀਂ ਜੋ ਵੀ ਕਰ ਰਹੇ ਹੋ, ਰੋਕ ਦੇਵੋ ਅਤੇ ਹਦਾਇਤਾਂ ਦੀ ਪਾਲਣਾ ਕਰੋ।

ਸਿਰਫ਼ 'ਐਮਰਜੈਂਸੀ ਮੋਬਾਇਲ ਅਲਰਟ' ਉਦੋਂ ਹੀ ਭੇਜੇ ਜਾਂਦੇ ਹਨ:

- ਜੇ ਜ਼ਿੰਦਗੀ, ਸਿਹਤ ਜਾਂ ਸੰਪਤੀ ਨੂੰ ਗੰਭੀਰ ਖ਼ਤਰਾ ਹੈ; ਜਾਂ
- ਇੱਕ ਸਾਲ 'ਚ ਇੱਕ ਜਾਂ ਦੋ ਵਾਰ ਟੈਸਟਿੰਗ ਦੇ ਉਦੇਸ਼ਾਂ ਲਈ।

ਜੇ ਤੁਹਾਨੂੰ ਕੋਈ ਅਲਰਟ ਮਿਲਦਾ ਹੈ, ਤਾਂ ਇਸ ਨੂੰ ਗੰਭੀਰਤਾ ਨਾਲ ਲਵੋ ਤੇ ਉਂਝ ਹੀ ਕਰੋ ਜਿਵੇਂ ਉਸ ਵਿੱਚ ਲਿਖਿਆ ਹੋਵੇ।

ਸਾਰੇ ਫ਼ੋਨ 'ਐਮਰਜੈਂਸੀ ਮੋਬਾਇਲ ਅਲਰਟ' ਹਾਸਲ ਕਰਨ ਦੇ ਯੋਗ ਨਹੀਂ ਹੁੰਦੇ, ਇਸ ਲਈ ਜੇ ਤੁਹਾਨੂੰ ਕੋਈ ਅਲਰਟ ਮਿਲਦਾ ਹੈ, ਤਾਂ ਹੋਰਾਂ ਨੂੰ ਇਸ ਬਾਰੇ ਦੱਸੋ।

ਅਸੀਂ ਉਮੀਦ ਕਰਦੇ ਹਾਂ ਕਿ 2017 ਤੋਂ ਬਾਅਦ ਖਰੀਦੇ ਗਏ ਜ਼ਿਆਦਾਤਰ ਫ਼ੋਨ ਐਮਰਜੈਂਸੀ ਮੋਬਾਈਲ ਅਲਰਟ ਪ੍ਰਾਪਤ ਕਰਨਗੇ।

## ਕੀ ਮੈਨੂੰ 'ਐਮਰਜੈਂਸੀ ਮੋਬਾਇਲ ਅਲਰਟਸ'ਹਾਸਲ ਕਰਨ ਲਈ ਸਾਈਨ–ਅੱਪ ਕਰਨ ਦੀ ਲੋੜ ਹੈ?

ਸਾਈਨ–ਅੱਪ ਕਰਨ ਜਾਂ ਕੋਈ ਐਪ ਡਾਊਨਲੋਡ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਅਲਰਟਸ ਸਿਰਫ਼ ਪ੍ਰਭਾਵਿਤ ਇਲਾਕਿਆਂ ਲਈ ਹੁੰਦੇ ਹਨ, ਇਸ ਲਈ ਤੁਹਾਨੂੰ ਉਹ ਸਿਰਫ਼ ਤਦ ਔਂਦੇ ਮਿਲਣਗੇ, ਜੇ ਤੁਹਾਡੇ ਇਲਾਕੇ 'ਚ ਕੋਈ ਐਮਰਜੈਂਸੀ ਹੁੰਦੀ ਹੈ।

ਜੇ ਤੁਹਾਡਾ ਫ਼ੋਨ ਆੱਨ ਹੈ, ਉਨ੍ਹਾਂ ਨੂੰ ਲੈਣ ਦੇ ਯੋਗ ਹੈ ਅਤੇ ਟੀਚਾਗਤ ਖੇਤਰ ਦੇ ਅੰਦਰ ਹੈ, ਤਾਂ ਤੁਹਾਨੂੰ ਅਲਰਟ ਮਿਲਣੇ ਚਾਹੀਦੇ ਹਨ।

## ਐਮਰਜੈਂਸੀ ਮੋਬਾਇਲ ਅਲਰਟਸ ਕੌਣ ਭੇਜ ਸਕਦਾ ਹੈ?

ਸਿਰਫ਼ 'ਐਮਰਜੈਂਸੀ ਮੋਬਾਇਲ ਅਲਰਟ' ਉਦੋਂ ਹੀ ਭੇਜੇ ਜਾਂਦੇ ਹਨ:

- ਨੈਸ਼ਨਲ ਐਮਰਜੈਂਸੀ ਮੈਨੇਜਮੈਂਟ ਏਜੰਸੀ
- ਸਿਵਿਲ ਡਿਫ਼ੈਂਸ ਐਮਰਜੈਂਸੀ ਮੈਨੇਜਮੈਂਟ ਗਰੁੱਪਸ
- ਨਿਊਜ਼ੀਲੈਂਡ ਪੁਲਿਸ
- ਫ਼ਾਇਰ ਐਂਡ ਐਮਰਜੈਂਸੀ ਨਿਊਜ਼ੀਲੈਂਡ
- ਸਿਹਤ ਮੰਤਰਾਲਾ, ਅਤੇ
- ਪ੍ਰਾਇਮਰੀ ਉਦਯੋਗਾਂ ਬਾਰੇ ਮੰਤਰਾਲਾ।

## ਐਮਰਜੈਂਸੀ ਮੋਬਾਇਲ ਅਲਰਟ ਹੋਰ ਚੈਨਲਾਂ ਦੀ ਥਾਂ ਨਹੀਂ ਲੈਂਦਾ।

ਐਮਰਜੈਂਸੀ ਮੋਬਾਇਲ ਅਲਰਟ ਸਿਰਫ਼ ਇੱਕ **ਵਧੀਕ** ਚੈਨਲ ਹੈ ਤੁਹਾਨੂੰ ਕਿਸੇ ਐਮਰਜੈਂਸੀ 'ਚ ਸੁਰੱਖਿਅਤ ਤੇ ਜਾਣਕਾਰੀ ਨਾਲ ਭਰਪੂਰ ਰੱਖਣ ਲਈ। ਇਹ ਅਲਰਟਸ ਦੂਜੇ ਅਲਰਟਿੰਗ ਸਿਸਟਮਜ਼ ਦੀ ਥਾਂ ਨਹੀਂ ਲੈਂਦੇ ਜਾਂ ਕੁਦਰਤੀ ਚੇਤਾਵਨੀਆਂ ਤੋਂ ਬਾਅਦ ਕਾਰਵਾਈ ਦੀ ਲੋੜ ਹੁੰਦੀ ਹੈ।

## ਜਾਣਕਾਰੀ ਨਾਲ ਭਰਪੂਰ ਰਹਿਣ ਦੇ ਢੰਗ




ਤੁਹਾਨੂੰ ਫਿਰ ਵੀ ਕਿਸੇ ਐਮਰਜੈਂਸੀ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਆਪਣੀ ਕਾਰਵਾਈ ਤੋਂ ਪਹਿਲਾਂ ਕੋਈ ਅਲਰਟ ਮਿਲਣ ਦੀ ਉਡੀਕ ਨਹੀਂ ਕਰਨੀ ਚਾਹੀਦੀ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੀ ਜ਼ਿੰਦਗੀ ਖ਼ਤਰੇ ਵਿੱਚ ਹੈ, ਤਾਂ ਕਿਸੇ ਅਧਿਕਾਰਤ ਚੇਤਾਵਨੀ ਦੀ ਉਡੀਕ ਨਾ ਕਰੋ। ਤੁਰੰਤ ਕਾਰਵਾਈ ਕਰੋ।

ਆਪਣੀ ਐਮਰਜੈਂਸੀ ਯੋਜਨਾ ਬਣਾਉਣ ਦਾ ਸਮਾਂ ਲਵੋ, ਜਿਸ ਵਿਚ ਸ਼ਾਮਲ ਹੈ ਕਿ ਕੀ ਕਰਨਾ ਹੈ, ਕਿੱਥੇ ਜਾਣਾ ਹੈ, ਕੌਣ ਤੁਹਾਡੀ ਮਦਦ ਕਰ ਸਕਦਾ ਹੈ ਤੇ ਤੁਹਾਡੀ ਮਦਦ ਦੀ ਲੋੜ ਕਿਸ ਨੂੰ ਹੋ ਸਕਦੀ ਹੈ। ਤੁਸੀਂ getready.govt.nz 'ਤੇ ਔਨਲਾਈਨ ਇੱਕ ਯੋਜਨਾ ਬਣਾ ਸਕਦੇ ਹੋ।

## ਐਮਰਜੈਂਸੀ ਮੋਬਾਇਲ ਅਲਰਟ ਕਿਵੇਂ ਕੰਮ ਕਰਦਾ ਹੈ?




1. ਅਧਿਕਾਰਤ ਏਜੰਸੀ ਪ੍ਰਭਾਵਿਤ ਖੇਤਰ ਦਾ ਨਿਰਧਾਰਣ ਕਰਦੀ ਹੈ ਤੇ ਅਲਰਟ ਬਣਾਉਂਦੀ ਹੈ।
2. ਅਲਰਟ ਸੰਬੰਧਿਤ ਸੈਲ ਟਾਵਰਾਂ ਤੋਂ ਪ੍ਰਸਾਰਿਤ ਕੀਤੀ ਜਾਂਦੀ ਹੈ।
3. ਪ੍ਰਭਾਵਿਤ ਇਲਾਕੇ 'ਚ ਯੋਗ ਮੋਬਾਇਲ ਫ਼ੋਨਾਂ ਉੱਤੇ ਅਲਰਟ ਆਉਂਦਾ ਹੈ।

'ਐਮਰਜੈਂਸੀ ਮੋਬਾਇਲ ਅਲਰਟ' ਇੱਕ ਨਿਰਧਾਰਿਤ ਸਿਗਨਲ ਵਰਤਦਾ ਹੈ, ਇਸ ਲਈ ਇਹ ਕਿਸੇ ਅਜਿਹੀ ਐਮਰਜੈਂਸੀ 'ਚ ਵਧੇਰੇ ਭਰੋਸੇਯੋਗ ਹੁੰਦਾ ਹੈ ਜਦੋਂ ਮੋਬਾਇਲ ਫ਼ੋਨ ਤੇ ਇੰਟਰਨੈੱਟ ਦੀ ਟ੍ਰੈਫ਼ਿਕ ਕਾਰਨ ਸਾਰਾ ਨੈੱਟਵਰਕ ਓਵਰਲੋਡ ਹੋਇਆ ਹੋ ਸਕਦਾ ਹੈ।

ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਿਹੜੇ ਨੈੱਟਵਰਕ 'ਤੇ ਹੋ। ਪ੍ਰਸਾਰਣ ਸਮੇਂ ਦੌਰਾਨ ਖੇਤਰ ਵਿੱਚ ਦਾਖ਼ਲ ਹੋਣ ਵਾਲੇ ਕਿਸੇ ਵੀ ਸਮਰੱਥ ਫ਼ੋਨ ਨੂੰ ਅਲਰਟ ਮਿਲੇਗਾ।

## ਕੀ ਮੇਰੇ ਕੋਲ ਐਮਰਜੈਂਸੀ ਮੋਬਾਇਲ ਅਲਰਟਸ ਪ੍ਰਾਪਤ ਨਾ ਕਰਨ ਦਾ ਵਿਕਲਪ ਹੈ?

ਇਹ 'ਐਮਰਜੈਂਸੀ ਮੋਬਾਇਲ ਅਲਰਟ' ਕਿਉਂਕਿ ਤੁਹਾਨੂੰ ਸੁਰੱਖਿਅਤ ਰੱਖਣ ਬਾਰੇ ਹੈ, ਇਸ ਲਈ ਤੁਸੀਂ ਐਮਰਜੈਂਸੀ ਮੋਬਾਇਲ ਅਲਰਟਸ ਹਾਸਲ ਕਰਨਾ ਬੰਦ ਨਹੀਂ ਕਰ ਸਕਦੇ। ਇਹ ਅਲਰਟਸ ਕਿਸੇ ਖਾਸ ਫ਼ੋਨਾਂ 'ਤੇ ਨਹੀਂ ਜਾਂਦੇ, ਸਗੋਂ ਇਹ ਸਿਰਫ਼ ਉਸ ਇਲਾਕੇ 'ਚ ਪ੍ਰਸਾਰਿਤ ਕੀਤੇ ਜਾਂਦੇ ਹਨ, ਜਿਹੜਾ ਖ਼ਤਰੇ 'ਚ ਹੁੰਦਾ ਹੈ। 'ਐਮਰਜੈਂਸੀ ਮੋਬਾਇਲ ਅਲਰਟ' ਤੁਹਾਡਾ ਮੋਬਾਇਲ ਫ਼ੋਨ ਨੰਬਰ ਨਹੀਂ ਵਰਤਦਾ ਜਾਂ ਤੁਹਾਡੇ ਬਾਰੇ ਕੋਈ ਜਾਣਕਾਰੀ ਇਕੱਠੀ ਨਹੀਂ ਕਰਦਾ।

'ਐਮਰਜੈਂਸੀ ਮੋਬਾਇਲ ਅਲਰਟ' ਬਾਰੇ ਹੋਰ ਜਾਣਕਾਰੀ ਲਈ, ਇੱਥੇ ਜਾਓ **getready.govt.nz**